ਪੰਜਾਬ ਰਾਜ ਸੂਚਨਾ ਕਮਿਸ਼ਨ
ਰੈੱਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172-2864125,2864110

ਸ਼੍ਰੀ ਮਨਜੀਤ ਸਿੰਘ ਲਾਲੀ,
ਪੁੱਤਰ ਸ਼੍ਰੀ ਮੇਹਰ ਸਿੰਘ,
ਪਿੰਡ ਲੰਗੇਰੀ,ਮਾਹਿਲਪੁਰ,
ਹੁਸ਼ਿਆਰਪੁਰ। ----ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ, ਪ੍ਰਿੰਸੀਪਲ,ਐਸ.ਜੀ.ਜੀ.ਐਸ.ਖਾਲਸਾ ਕਾਲਿਜ,
ਮਾਹਿਲਪੁਰ,
ਹੁਸ਼ਿਆਰਪੁਰ। ------ਉੱਤਰਦਾਤਾ

**ਸ਼ਿਕਾਇਤ ਕੇਸ ਨੰ :564 ਆਫ 2018**

ਹਾਜ਼ਰ:-

1) **ਸ਼ਿਕਾਇਤਕਰਤਾ** ਵੱਲੋਂ **ਸ਼੍ਰੀ** ਸੁਰਿੰਦਰ ਐਮ.ਭਨੋਟ, ਅਧਿਕਾਰਿਤ ਨੁੰਮਾਇੰਦਾ (98888-10811)।
2) ਉੱਤਰਦਾਤਾ ਵਲੋ ਸਮੀਰ ਸੱਚਦੇਵਾ ਐਡਵੋਕੇਟ(9814506858)।

ਹੁਕਮ:

ਸ਼ਿਕਾਇਤਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇੱਕ ਬਿਨੈ ਪੱਤਰ ਮਿਤੀ 06-11-2017 ਨੂੰ ਲੋਕ ਸੂਚਨਾ ਅਧਿਕਾਰੀ, ਦਫਤਰ ਪ੍ਰਿੰਸੀਪਲ,ਐਸ.ਜੀ.ਜੀ.ਐਸ.ਖਾਲਸਾ ਕਾਲਿਜ,ਮਹਿਲਪੁਰ, **ਹੁਸ਼ਿਆਰਪੁਰ** ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਸ਼ਿਕਾਇਤਕਰਤਾ ਨੇ ਸ਼੍ਰੀ ਪਰਵਿੰਦਰ ਸਿੰਘ, ਦੇ ਬਤੌਰ ਪ੍ਰਿੰਸੀਪਲ ਪ੍ਰੋਬੇਸ਼ਨ ਸਮੇਂ ਆਦਿ ਵੇਰਵੇ ਨਾਲ ਸਬੰਧਤ 12 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋ ਉਸ ਨੂੰ ਲੋੜੀਂਦੀ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 18-05-2018 ਨੂੰ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕੀਤੀ ਸੀ, ਜਿਸ ਨੂੰ ਘੋਖਣ ਉਪਰੰਤ ਕਮਿਸ਼ਨ ਵੱਲੋਂ ਮਿਤੀ 02-07-2018 ਨੂੰ ਪਹਿਲੀ ਸੁਣਵਾਈ, ਮਿਤੀ 24-07-2018 ਲਈ ਨੋਟਿਸ ਜਾਰੀ ਕੀਤਾ ਗਿਆ ਸੀ।

2. ਪੇਸ਼ੀ ਮਿਤੀ 24.7.2018 ਸਮੇਂ ਸ਼ਿਕਾਇਤਕਰਤਾ ਵੱਲੋਂ ਹਾਜ਼ਰ ਅਧਿਕਾਰਿਤ ਨੁੰਮਾਇੰਦੇ ਨੇ ਕਿਹਾ ਸੀ ਕਿ ਉਸ ਨੂੰ ਅਜੇ ਤੱਕ ਲੋੜੀਂਦੀ ਸੂਚਨਾ ਪ੍ਰਾਪਤ ਨਹੀਂ ਹੋਈ। ਉੱਤਰਦਾਤਾ ਵੱਲੋਂ ਪੇਸ਼ੀ ਮਿਤੀ 24.7.2018 ਤੇ ਕੋਈ ਵੀ ਹਾਜ਼ਰ ਨਹੀਂ ਹੋਇਆ ਸੀ ਅਤੇ ਨਾ ਹੀ ਆਪਣੀ ਗੈਰਹਾਜ਼ਰੀ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਭੇਜੀ ਗਈ ਸੀ। ਇਸ ਲਈ ਉੱਤਰਦਾਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਆਰ.ਟੀ.ਆਈ. ਐਕਟ ਤਹਿਤ ਬਣਦੀ ਸੂਚਨਾ ਸ਼ਿਕਾਇਤਕਰਤਾ ਨੂੰ ਪੇਸ਼ੀ ਦੀ ਅਗਲੀ ਮਿਤੀ ਤੋਂ ਪਹਿਲਾਂ-ਪਹਿਲਾਂ ਮੁਹੱਈਆ ਕਰਵਾਈ ਜਾਵੇ ਅਤੇ ਅਗਲੀ ਪੇਸ਼ੀ ਤੇ ਆਪਣੀ ਹਾਜ਼ਰੀ ਯਕੀਨੀ ਬਣਾਈ ਜਾਵੇ। ਇਸ ਹਦਾਇਤ ਨਾਲ ਇਹ ਕੇਸ ਅਗਲੀ ਸੁਣਵਾਈ ਮਿਤੀ 28-08-2018 ਨੂੰ ਸਵੇਰੇ 11-30 ਵਜੇ ਲਈ ਨਿਸ਼ਚਿਤ ਕੀਤਾ ਗਿਆ ਗਿਆ ਸੀ।

3. ਪੇਸ਼ੀ, ਮਿਤੀ 28.8.2018 ਨੂੰ ਉੱਤਰਦਾਤਾ ਵਲੋ ਸ਼੍ਰੀ ਸਮੀਰ ਸਚਦੇਵਾ ਐਡਵੋਕੇਟ ਨੇ ਦੱਸਿਆ ਸੀ ਕਿ

ਚਲਦਾ---ਪੰਨਾ/2

ਆਰ.ਟੀ.ਆਈ. ਐਕਟ ਤਹਿਤ ਉਨ੍ਹਾਂ ਦਾ ਕਾਲਿਜ਼ ਪਬਲਿਕ ਅਥਾਰਟੀ ਨਹੀਂ ਹੈ ਅਤੇ ਉਹ ਸਰਕਾਰੀ ਗਰਾਂਟ ਕੁੱਝ ਲਿਮਟ ਤੱਕ ਲੈ ਰਿਹਾ ਹੈ। ਉਨ੍ਹਾਂ ਪਾਸ 118 ਟੀਚਿੰਗ ਪੋਸਟਾਂ ਹਨ ਤੇ ਉਹ 21 ਪੋਸਟਾਂ ਦੀ ਗਰਾਂਟ ਲੈ ਰਹੇ ਹਨ। ਬਾਕੀ ਖਰਚਾ ਨਿੱਜੀ ਫ਼ੰਡ ਤੋਂ ਚੱਲ ਰਿਹਾ ਹੈ।ਇਸ ਕਰ ਕੇ ਉਹ ਆਰ.ਟੀ.ਆਈ. ਐਕਟ ਦੀ ਪਰਿਭਾਸ਼ਾ ਵਿਚ ਨਹੀਂ ਆਉਂਦੇ ਅਤੇ ਇਸ ਲਈ ਉਨ੍ਹਾਂ ਦੇ ਕਾਲਿਜ ਤੇ ਆਰ.ਟੀ.ਆਈ. ਐਕਟ ਦੇ ਉਪਬੰਧ ਲਾਗੂ ਨਹੀਂ ਹੁੰਦੇ ਅਤੇ ਨਾ ਹੀ ਉਹ ਸੂਚਨਾ ਦੇਣ ਦੇ ਪਾਬੰਦ ਹਨ। ਇਸ ਉਪਰੰਤ ਉੱਤਰਦਾਤਾ ਵਲੋ ਪੰਜਾਬ ਅਤੇ ਹਰਿਆਣਾ ਹਾਈਕੋਰਟ ਚੰਡੀਗੜ ਵਿਖੇ ਚੱਲ ਰਹੇ ਸੀ.ਡਬਲਯੂ.ਪੀ. 29444 ਆਫ਼ 2017 (Govind National College V/s State Information Commissioner Punjab, ਜੋ ਕਿ ਇਸ ਕੇਸ ਨਾਲ ਮਿਲਦਾ-ਜੁਲਦਾ ਹੈ) ਦੇ ਅੰਤ੍ਰਿਮ ਹੁਕਮ, ਮਿਤੀ 09-01-2018 ਵਿਖਾਏ ਗਏ ਜਿਸ ਤਹਿਤ ਮਾਣਯੋਗ ਹਾਈਕੋਰਟ ਨੇ ਆਰ.ਟੀ.ਆਈ. ਕਮਿਸ਼ਨ ਦੀ ਪ੍ਰੋਸੀਡਿੰਗ ਤੇ ਸਟੇਅ ਆਰਡਰ ਪਾਸ ਕੀਤੇ ਸਨ ਤੇ ਮਿਤੀ 12.2.2018 ਲਈ ਨੋਟਿਸ ਆਫ਼ ਮੋਸ਼ਨ ਜ਼ਾਰੀ ਕੀਤਾ ਸੀ। ਉਨ੍ਹਾਂ ਵਲੋ ਅੱਗੇ ਦੱਸਿਆ ਗਿਆ ਕਿ ਇਹ ਮਾਮਲਾ ਮਾਣਯੋਗ ਹਾਈਕੋਰਟ ਦੇ ਵਿਚਾਰ ਅਧੀਨ ਹੈ ਤੇ ਮਾਣਯੋਗ ਹਾਈਕੋਰਟ ਵਲੋ ਇਸ ਕੇਸ ਦੀ ਸੁਣਵਾਈ ਦੀ ਅਗਲੀ ਮਿਤੀ 10.01.2019 ਨਿਸ਼ਚਿਤ ਕੀਤੀ ਗਈ ਹੈ। ਉੱਤਰਦਾਤਾ ਸ਼੍ਰੀ ਸਮੀਰ ਸੱਚਦੇਵਾ ਐਡਵੋਕੇਟ ਵੱਲੋ ਇਹ ਵੀ ਦੱਸਿਆ ਗਿਆ ਸੀ ਕਿ ਇਸੀ ਤਰ੍ਹਾਂ ਦੇ ਅਪੀਲ ਕੇਸ ਨੰ:3297 ਆਫ਼ 2016 ਅਤੇ 46 ਆਫ਼ 2018 ਵਿੱਚ ਮਾਣਯੋਗ ਸਟੇਟ ਇਨਫ਼ਰਮੇਸ਼ਨ ਕਮਿਸ਼ਨਰਜ਼ ਸ਼੍ਰੀ ਅਜੀਤ ਸਿੰਘ ਚੰਦੂਰਾਈਆਂ ਤੇ ਸ਼੍ਰੀਮਤੀ ਪ੍ਰੀਤੀ ਚਾਵਲਾ ਕ੍ਰਮਵਾਰ ਦੀ ਬੈਂਚ ਕੋਲ ਚੱਲ ਰਹੇ ਹਨ ਤੇ ਦੋਹਾਂ ਕਮਿਸ਼ਨਰਾਂ ਵੱਲੋਂ ਇਹ ਕੇਸ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਚੱਲ ਰਹੇ ਉਕਤ ਕੇਸ ਦੀ ਫ਼ਾਇਨਲ ਸੁਣਵਾਈ ਤੱਕ ਅਨਿਸ਼ਚਿਤ ਕਾਲ ਲਈ ਸਥੱਗਿਤ ਕੀਤੇ ਗਏ ਹਨ।

4. ਸ਼ਿਕਾਇਤਕਰਤਾ ਵਲੋ ਉਕਤ ਗੱਲ ਤੇ ਇਤਰਾਜ਼ ਕੀਤਾ ਗਿਆ ਸੀ ਤੇ ਕਿਹਾ ਗਿਆ ਸੀ ਕਿ ਸੀ.ਡਬਲਯੂ.ਪੀ. 29444 ਆਫ਼ 2017 ਇੱਕ ਪਰਟੀਕੁਲਰ ਕੇਸ ਹੈ ਤੇ ਮੌਜ਼ੂਦਾ ਸ਼ਿਕਾਇਤ ਕੇਸ ਤੇ ਲਾਗੂ ਨਹੀਂ ਹੁੰਦਾ । ਉੱਤਰਦਾਤਾ ਵਲੋ ਕਮਿਸ਼ਨ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ।

5. ਕਮਿਸ਼ਨ ਵੀ ਸ਼ਿਕਾਇਤਕਰਤਾ ਦੀ ਦਲੀਲ ਨਾਲ ਸਹਿਮਤ ਸੀ ਕਿਉਂਕਿ ਜਿਸ ਵੀ ਕਾਲਿਜ ਨੂੰ ਸਰਕਾਰੀ ਗਰਾਂਟ ਮਿਲਦੀ ਹੈ, ਉਹ ਪਬਲਿਕ ਅਥਾਰਟੀ ਹੈ। ਜੇਕਰ ਉੱਤਰਦਾਤਾ ਨੇ ਆਪਣਾ ਪੱਖ ਵੀ ਰੱਖਣਾ ਸੀ ਕਿ ਉਹ ਆਰ.ਟੀ.ਆਈ ਐਕਟ ਅਧੀਨ ਨਹੀਂ ਆਉਂਦਾ ਤਾਂ ਵੀ ਤੀਹ ਦਿਨ ਦੇ ਅੰਦਰ-ਅੰਦਰ ਸ਼ਿਕਾਇਤਕਰਤਾ ਨੂੰ ਅਪਣੇ ਵਿਚਾਰ ਬਾਰੇ ਜਾਣੂ ਕਰਵਾਉਣਾ ਚਾਹੀਦਾ ਸੀ। ਪ੍ਰੰਤੂ ਉਸ ਵਲੋਂ ਅਜਿਹਾ ਨਹੀਂ ਕੀਤਾ ਗਿਆ। ਉੱਤਰਦਾਤਾ ਇਸ ਤੋ ਸਹਿਮਤ ਨਹੀਂ ਸੀ ਤੇ ਉਸ ਨੇ ਕਿਹਾ ਕਿ ਉਹ ਨਾ ਤੇ ਸੂਚਨਾ ਦੇਣ ਦੇ ਅਤੇ ਨਾ ਹੀ ਜੁਆਬ ਦੇਣ ਦੇ ਪਾਬੰਦ ਹਨ । ਦੋਹਾਂ ਧਿਰਾਂ ਦੀ ਸੁਣਵਾਈ ਕਰ ਕੇ ਕਮਿਸ਼ਨ ਵੱਲੋਂ ਇਸ ਕੇਸ ਦਾ ਫ਼ੈਸਲਾ ਰਿਜ਼ਰਵ ਰੱਖ ਲਿਆ ਗਿਆ ਸੀ।

6. ਇਸ ਕੇਸ ਵਿੱਚ ਉੱਤਰਦਾਤਾ ਵੱਲੋਂ ਮੁੱਖ ਤੌਰ ਤੇ ਇਹ ਦਲੀਲ ਦਿੱਤੀ ਗਈ ਹੈ ਕਿ ਉਨ੍ਹਾਂ ਦਾ ਕਾਲਿਜ ਆਰ.ਟੀ.ਆਈ. ਐਕਟ ਤਹਿਤ ਪਬਲਿਕ ਅਥਾਰਟੀ ਨਹੀਂ ਹੈ ਕਿਉਂਕਿ ਉਹ ਸਰਕਾਰੀ ਗਰਾਂਟ ਕੁੱਝ ਲਿਮਟ ਤੱਕ ਲੈ ਰਿਹਾ ਹੈ।

7. ਸ਼ਿਕਾਇਤਕਰਤਾ ਵੱਲੋਂ ਉੱਤਰਦਾਤਾ ਦੀਆਂ ਦਲੀਲਾਂ ਦਾ ਪੁਰਜ਼ੋਰ ਵਿਰੋਧ ਕੀਤਾ ਗਿਆ ਹੈ।

ਚਲਦਾ---ਪੰਨਾ/3

ਸ਼ਿਕਾਇਤਕਰਤਾ ਨੇ ਇਹ ਦਲੀਲ ਦਿੱਤੀ ਹੈ ਕਿ ਸਿਵਲ ਰਿੱਟ ਪਟੀਸ਼ਨ ਨੰ:29444 ਆਫ਼ 2017 ਦੇ ਤੱਥ ਮੌਜੂਦਾ ਕੇਸ ਨਾਲ ਮੇਲ ਨਹੀਂ ਖਾਂਦੇ ਕਿਉਂਕਿ ਇਸ ਸਿਵਲ ਰਿੱਟ ਪਟੀਸ਼ਨ ਵਿੱਚ ਪਟੀਸ਼ਨਰ (Govind National College) ਸਰਕਾਰ ਕੋਲੋਂ ਵਿੱਤੀ ਸਹਾਇਤਾ ਪ੍ਰਾਪਤ (ਂAided) ਕਾਲਿਜ ਨਹੀਂ ਹੈ ਜਦ ਕਿ ਮੌਜੂਦਾ ਸ਼ਿਕਾਇਤ ਕੇਸ ਵਿੱਚ ਐਸ.ਜੀ.ਜੀ. ਐਸ. ਕਾਲਿਜ, ਮਾਹਿਲਪੁਰ (ਹੁਸ਼ਿਆਰਪੁਰ) 95% ਗਰਾਂਟ ਅਧੀਨ ਕਵਰਡ ਵਿੱਤੀ ਸਹਾਇਤਾ ਪ੍ਰਾਪਤ (ਂAided) ਕਾਲਿਜ ਹੈ। ਉੱਤਰਵਾਦੀ ਧਿਰ ਵੱਲੋਂ ਇਸ ਕਮਿਸ਼ਨ ਨੂੰ ਜਾਣਬੁੱਝ ਕੇ ਗਲਤ ਤੱਥ ਪੇਸ਼ ਕਰਕੇ ਗੁੰਮਰਾਹ ਕੀਤਾ ਜਾ ਰਿਹਾ ਹੈ।

8. ਦੋਵੇਂ ਧਿਰਾਂ ਵਲੋਂ ਪੇਸ਼ ਕੀਤੇ ਗਏ ਦਸਤਾਵੇਜ਼ਾਂ ਅਤੇ ਦਿੱਤੀਆਂ ਦਲੀਲਾਂ ਨੂੰ ਵਿਚਾਰਨ ਉਪਰੰਤ ਕਮਿਸ਼ਨ ਇਸ ਨਤੀਜੇ ਤੇ ਪਹੁੰਚਿਆ ਹੈ ਕਿ ਐਸ.ਜੀ.ਜੀ. ਐਸ. ਕਾਲਿਜ, ਮਾਹਿਲਪੁਰ (ਹੁਸ਼ਿਆਰਪੁਰ) 95% ਗਰਾਂਟ ਅਧੀਨ ਕਵਰਡ ਵਿੱਤੀ ਸਹਾਇਤਾ ਪ੍ਰਾਪਤ (Aided) ਕਾਲਿਜ ਹੈ ਜੋ ਕਿ ਪਬਲਿਕ ਅਥਾਰਟੀ ਹੈ ਕਿਉਂ ਜੋ ਕਾਲਿਜ ਨੂੰ ਆਰ.ਟੀ.ਆਈ. ਐਕਟ, 2005 ਦੀ ਧਾਰਾ 2 ਦੇ ਉਪਬੰਧਾਂ ਤਹਿਤ ਸਰਕਾਰ ਵੱਲੋਂ ਸਬਸਟਾਂਸ਼ੀਅਲ ਵਿੱਤੀ ਸਹਾਇਤਾ ਪ੍ਰਾਪਤ ਹੈ। ਮਾਣਯੋਗ ਸੁਪਰੀਮ ਕੋਰਟ ਆਫ਼ ਇੰਡੀਆ ਵੱਲੋਂ ਮਹਿੰਦਰ ਸਿੰਘ ਜੈਤਲਾ ਬਨਾਮ ਕੇਂਦਰੀ ਸਾਸ਼ਤ ਚੰਡੀਗੜ੍ਹ ਕੇ ਕੇਸ ਵਿੱਚ ਗੁਰੂ ਨਾਨਕ ਸਕੂਲ, ਸੈਕਟਰ-36, ਚੰਡੀਗੜ੍ਹ ਨੂੰ ਭਾਰਤੀ ਸੰਵਿਧਾਨ ਦੀ ਧਾਰਾ 12 ਤਹਿਤ ਸਟੇਟ ਦੀ ਪ੍ਰੀਭਾਸ਼ਾ ਅਨੁਸਾਰ ਸਟੇਟ/ਅਦਰ ਅਥਾਰਟੀ ਮੰਨਿਆ ਗਿਆ ਹੈ ਕਿਉਂ ਕਿ ਉਪਰੋਕਤ ਸਕੂਲ ਸਰਕਾਰ ਪਾਸੋਂ 95% ਗਰਾਂਟ-ਇੰਨ-ਏਡ ਸਕੀਮ ਅਧੀਨ ਆਉਂਦਾ ਹੈ। ਆਰ.ਟੀ.ਆਈ. ਐਕਟ ਦੀ ਧਾਰਾ 2 (ਸ) ਵਿੱਚ ਪਬਲਿਕ ਅਥਾਰਟੀ ਦੀ ਜੋ ਪ੍ਰੀਭਾਸ਼ਾ ਦਿੱਤੀ ਗਈ ਹੈ, ਉਸ ਵਿੱਚ ਹੇਠ ਲਿਖੀਆਂ ਸੰਸਥਾਵਾਂ ਨੂੰ ਮੁਢਲੇ ਤੌਰ ਤੇ ਪਬਲਿਕ ਅਥਾਰਟੀ ਮੰਨਿਆ ਗਿਆ ਹੈ:-

> "(ਸ) ਮੁਨਾਸਿਬ ਸਰਕਾਰ ਦੁਆਰਾ ਜਾਰੀ ਕੀਤੀ ਗਈ ਅਧਿਸੂਚਨਾ ਜਾਂ ਕੀਤੇ ਗਏ ਹੁਕਮ ਦੁਆਰਾ ਸਥਾਪਤ ਕੀਤੀ ਜਾਂ ਗਠਿਤ ਕੀਤੀ ਹੋਈ ਅਥਾਰਟੀ ਜਾਂ ਸੰਸਥਾ ਜਾਂ ਸਵੈ-ਸ਼ਾਸਨ ਦੀ ਸੰਸਥਾ ਅਤੇ ਇਸ ਵਿੱਚ ਹੇਠ ਲਿਖੇ ਸ਼ਾਮਲ ਹਨ:-
>
> (1) ਮੁਨਾਸਿਬ ਸਰਕਾਰ ਦੀ ਮਲਕੀਅਤ ਜਾਂ ਉਸਦੇ ਨਿਯੰਤ੍ਰਣ ਅਧੀਨ ਜਾਂ ਸਿੱਧੇ ਜਾਂ ਅਸਿੱਧੇ ਤੌਰ ਤੇ ਉਸ ਦੁਆਰਾ ਉਪਬੰਧਤ ਫੰਡਾਂ ਦੁਆਰਾ ਸਾਰਵਾਨ ਰੂਪ ਵਿੱਚ ਵਿੱਤ-ਪੋਸ਼ਤ ਸੰਸਥਾ;
>
> (2) ਮੁਨਾਸਿਬ ਸਰਕਾਰ ਦੁਆਰਾ ਸਿੱਧੇ ਜਾਂ ਅਸਿੱਧੇ ਤੌਰ ਤੇ ਉਪਬੰਧਤ ਫੰਡਾਂ ਦੁਆਰਾ ਸਾਰਵਾਨ ਰੂਪ ਵਿੱਚ ਵਿੱਤ-ਪੋਸ਼ਤ ਗੈਰ-ਸਰਕਾਰੀ ਸੰਗਠਨ;"

ਉਪਰੋਕਤ ਦਿੱਤੀ ਗਈ ਪ੍ਰੀਭਾਸ਼ਾ ਦੇ ਦੂਜੇ ਭਾਗ ਵਿੱਚ ਨੁਕਤਾ ਨੰ:2 ਵਿੱਚ ਦਰਜ਼ ਉਹ ਗੈਰ-ਸਰਕਾਰੀ ਸੰਸਥਾਵਾਂ ਜ਼ੋ ਮੁਨਾਸਿਬ ਸਰਕਾਰ ਦੁਆਰਾ ਸਿੱਧੇ ਜਾਂ ਅਸਿੱਧੇ ਤੌਰ ਤੇ ਉਪਬੰਧਤ ਫੰਡਾਂ ਦੁਆਰਾ ਸਾਰਵਾਨ ਰੂਪ ਵਿੱਚ ਵਿੱਤ-ਪੋਸ਼ਤ ਸਹਾਇਤਾ ਪ੍ਰਾਪਤ ਕਰਦੀਆਂ ਹਨ, ਉਹ ਸਭ ਅਦਾਰੇ ਪਬਲਿਕ ਅਥਾਰਟੀ ਦੀ ਪ੍ਰੀਭਾਸ਼ਾ ਵਿੱਚ ਆਉਂਦੇ ਹਨ ਅਤੇ ਨੁਕਤਾ ਨੰ:1 ਅਧੀਨ ਮੁਨਾਸਿਬ ਸਰਕਾਰ ਦੀ ਮਲਕੀਅਤ ਜਾਂ ਉਸਦੇ ਨਿਯੰਤ੍ਰਣ ਅਧੀਨ ਜਾਂ ਸਿੱਧੇ ਜਾਂ ਅਸਿੱਧੇ ਤੌਰ ਤੇ

ਚਲਦਾ---ਪੰਨਾ/4

<u>ਸ਼ਿਕਾਇਤ ਕੇਸ ਨੰ :564 ਆਫ 2018</u>

ਉਸ ਦੁਆਰਾ ਉਪਬੰਧਤ ਫੰਡਾਂ ਦੁਆਰਾ ਸਾਰਵਾਨ ਰੂਪ ਵਿੱਚ ਵਿੱਤ-ਪੋਸ਼ਤ ਸਹਾਇਤਾ ਪ੍ਰਾਪਤ ਸੰਸਥਾਵਾਂ ਹਨ। ਇਸ ਤਰ੍ਹਾਂ ਮਾਣਯੋਗ ਸੁਪਰੀਮ ਕੋਰਟ ਆਫ਼ ਇੰਡੀਆ ਦੇ ਉਪਰੋਕਤ ਦਰਜ਼ ਫੈਸਲੇ ਅਨੁਸਾਰ ਉੱਤਰਵਾਤੀ ਕਾਲਿਜ ਸਟੇਅ/ਅਦਰ ਅਥਾਰਟੀ ਦੀ ਪ੍ਰੀਭਾਸ਼ਾ ਵਿੱਚ ਸ਼ਾਮਿਲ ਹੋਣ ਕਰਕੇ ਆਰ.ਟੀ.ਆਈ. ਐਕਟ,2005 ਅਧੀਨ ਪਬਲਿਕ ਅਥਾਰਟੀ ਕਿਹਾ ਜਾ ਸਕਦਾ ਹੈ। ਸਿੱਧੇ ਰੂਪ ਵਿੱਚ ਇਨ੍ਹਾਂ ਹੁਕਮਾਂ ਦਾ ਸਬੰਧ ਭਾਰਤੀ ਸੰਵਿਧਾਨ ਦੀ ਧਾਰਾ 12 ਨਾਲ ਹੈ ਜਿਸ ਦਾ ਸਬੰਧ ਸੰਵਿਧਾਨ ਵਿੱਚ ਦਰਜ਼ ਮੌਲਿਕ ਅਧਿਕਾਰਾਂ ਨਾਲ ਹੈ। ਸੂਚਨਾ ਦਾ ਅਧਿਕਾਰ ਭਾਵੇਂ ਕਿ ਸੂਚਨਾ ਦਾ ਅਧਿਕਾਰ ਐਕਟ, 2005 ਦੁਆਰਾ ਸਥਾਪਿਤ ਕੀਤਾ ਗਿਆ ਹੈ ਪਰ ਮਾਣਯੋਗ ਸੁਪਰੀਮ ਕੋਰਟ ਆਫ਼ ਇੰਡੀਆ ਵੱਲੋਂ ਸਾਲ 1975 ਵਿੱਚ ਹੀ ਸੂਚਨਾ ਦੇ ਅਧਿਕਾਰ ਨੂੰ ਸੰਵਿਧਾਨ ਦੀ ਧਾਰਾ 19 ਵਿੱਚ ਦਰਜ਼ ਉਪਬੰਧਾਂ ਤਹਿਤ ਇਸ ਨੂੰ ਮੌਲਿਕ ਅਧਿਕਾਰਾਂ ਦਾ ਹੀ ਇੱਕ ਹਿੱਸਾ ਮੰਨ ਲਿਆ ਗਿਆ ਸੀ। ਇਸ ਤਰ੍ਹਾਂ ਇਹ ਕਮਿਸ਼ਨ ਇਸ ਨਤੀਜੇ ਤੇ ਪੁੱਜਾ ਹੈ ਕਿ ਐਸ.ਜੀ.ਜੀ. ਐਸ. ਕਾਲਿਜ, ਮਾਹਿਲਪੁਰ (ਹੁਸ਼ਿਆਰਪੁਰ) ਕਾਲਿਜ ਇੱਕ ਪਬਲਿਕ ਅਥਾਰਟੀ ਹੈ।

ਉਪਰੋਕਤ ਵੇਰਵਿਆਂ ਦੇ ਬਾਵਜੂਦ ਮੇਰੇ ਦੋ ਸਾਥੀ ਕਮਿਸ਼ਨਰਾਂ ਵੱਲੋਂ ਅਪੀਲ ਕੇਸ ਨੰ:3297 ਆਫ਼ 2016 ਅਤੇ ਅਪੀਲ ਕੇਸ ਨੰ:46 ਆਫ਼ 2018 ਵਿੱਚ ਕਰਮਵਾਰ ਮਿਤੀ 10-01-2018 ਅਤੇ 19-03-2018 ਨੂੰ ਪਾਸ ਕੀਤੇ ਗਏ ਅੰਤ੍ਰਿਮ ਹੁਕਮਾਂ ਅਨੁਸਾਰ ਦੋਵੇਂ ਅਪੀਲਾਂ, ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਸਿਵਲ ਰਿੱਟ ਪਟੀਸ਼ਨ ਨੰ:29444 ਆਫ 2017 ਵਿੱਚ ਪਾਸ ਕੀਤੇ ਗਏ ਅੰਤ੍ਰਿਮ ਹੁਕਮ, ਮਿਤੀ 09-01-2018 ਅਨੁਸਾਰ ਉਕਤ ਕੇਸ ਦੀ ਫ਼ਾਇਨਲ ਸੁਣਵਾਈ ਤੱਕ ਅਨਿਸ਼ਚਿਤ ਕਾਲ ਲਈ ਸਥੱਗਿਤ ਕੀਤੀਆਂ ਹੋਈਆਂ ਹਨ। ਉਸ ਸਿਵਲ ਰਿੱਟ ਪਟੀਸ਼ਨ ਵਿੱਚ ਮਾਣਯੋਗ ਹਾਈ ਕੋਰਟ ਵੱਲੋਂ ਆਪਣੇ ਹੁਕਮ ਮਿਤੀ 09-01-2018 ਰਾਹੀਂ ਅਗਲੀ ਪੇਸ਼ੀ ਤੱਕ ਕਮਿਸ਼ਨ ਦੀ ਕਾਰਵਾਈ ਤੇ ਰੋਕ ਲਗਾਈ ਗਈ ਸੀ। ਇਸ ਤਰ੍ਹਾਂ ਭਾਵੇਂ ਕਿ ਮੈਂ ਪੂਰੀ ਤਰ੍ਹਾਂ ਸੰਤੁਸ਼ਟ ਹਾਂ ਕਿ ਉੱਤਰਵਾਦੀ, ਐਸ.ਜੀ.ਜੀ. ਐਸ. ਕਾਲਿਜ, ਮਾਹਿਲਪੁਰ (ਹੁਸ਼ਿਆਰਪੁਰ) ਕਾਲਿਜ ਆਰ.ਟੀ.ਆਈ. ਐਕਟ, 2005 ਤਹਿਤ ਇੱਕ ਪਬਲਿਕ ਅਥਾਰਟੀ ਹੈ। ਪਰੰਤੂ ਇਸ ਕਮਿਸ਼ਨ ਵੱਲੋਂ ਅਜਿਹੇ ਹੀ ਦੋ ਅਪੀਲ ਕੇਸ ਅਣਮਿੱਥੇ ਸਮੇਂ ਲਈ ਸਥੱਗਿਤ ਕੀਤੇ ਹੋਏ ਹਨ। ਇਸ ਕਰਕੇ ਇਹ ਕੇਸ ਮਾਨਯੋਗ ਮੁੱਖ ਸੂਚਨਾ ਕਮਿਸ਼ਨਰ ਜੀ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਕੇਸ ਨੂੰ ਵਿਚਾਰਨ ਲਈ ਫੁੱਲ ਬੈਂਚ ਦਾ ਗਠਨ ਕਰਕੇ ਫੁੱਲ ਬੈਂਚ ਨੂੰ ਸੌਂਪਿਆ ਜਾਵੇ।

**(ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ, 12 ਨਵੰਬਰ, 2018.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**<u>ਕਾਪੀ (ਸਮੇਤ ਕੇਸ ਮਿਸਲ):-</u>**

ਡਿਪਟੀ ਰਜਿਸਟਰਾਰ/ਰਾਜ ਸੂਚਨਾ ਕਮਿਸ਼ਨ , ਪੰਜਾਬ।